# ਕੈਨੇਡਾ ਵਿੱਚ ਪੀੜਤਾਂ ਦੇ ਅਧਿਕਾਰ

## ਨੌਜਵਾਨ ਵਿਕਟਿਮਾਂ ਅਤੇ ਗਵਾਹਾਂ ਲਈ ਗਵਾਹੀ ਸੰਬੰਧੀ ਸਹਾਇਤਾਵਾਂ

### ਗਵਾਹੀ ਸੰਬੰਧੀ ਸਹਾਇਤਾਵਾਂ (testimonial aids) ਕੀ ਹਨ?

*ਕ੍ਰਿਮੀਨਲ ਕੋਡ* ਵਿੱਚ ਅਠਾਰਾਂ ਸਾਲ ਤੋਂ ਘੱਟ ਉਮਰ ਦੇ ਪੀੜਤਾਂ ਅਤੇ ਗਵਾਹਾਂ ਦੀ ਸੁਰੱਖਿਆ ਕਰਨ ਅਤੇ ਉਨ੍ਹਾਂ ਲਈ ਗਵਾਹੀ ਦੇਣਾ ਸੌਖਾ ਬਣਾਉਣ ਲਈ ਬਹੁਤ ਸਾਰੇ ਪ੍ਰਬੰਧ ਹਨ। ਗਵਾਹੀ ਸੰਬੰਧੀ ਸਹਾਇਤਾਵਾਂ ਪੀੜਤਾਂ ਅਤੇ ਗਵਾਹਾਂ ਲਈ ਕਿਸੇ ਅਪਰਾਧਿਕ ਕੇਸ ਵਿੱਚ ਗਵਾਹੀ ਦੇਣਾ ਸੌਖਾ ਬਣਾਉਂਦੀਆਂ ਹੈ। ਉਦਾਹਰਣ ਲਈ:

- ਨੌਜਵਾਨ ਪੀੜਤ ਅਤੇ ਗਵਾਹ ਕੋਰਟਰੂਮ ਦੇ ਬਾਹਰ **ਕਲੋਜ਼ਡ-ਸਰਕਟ ਟੀਵੀ (closed-circuit TV)** ਰਾਹੀਂ ਜਾਂ ਕੋਰਟਰੂਮ ਦੇ ਅੰਦਰ ਪਰ ਇੱਕ ਸਕ੍ਰੀਨ ਦੇ ਪਿੱਛੇ ਗਵਾਹੀ ਦੇ ਸਕਦੇ ਹਨ ਜਿਸ ਨਾਲ ਉਹ ਦੋਸ਼ੀ ਨੂੰ ਨਾ ਵੇਖ ਸਕਣ।
- ਗਵਾਹੀ ਦੇਣ ਦੇ ਦੌਰਾਨ ਉਨ੍ਹਾਂ ਨੂੰ ਵਧੇਰੇ ਸੁਖਾਵਾਂ ਮਹਿਸੂਸ ਕਰਵਾਉਣ ਲਈ ਨੌਜਵਾਨ ਪੀੜਤਾਂ ਅਤੇ ਗਵਾਹਾਂ ਦੇ ਨਾਲ ਇੱਕ **ਸਹਾਇਕ ਵਿਅਕਤੀ** ਹੋ ਸਕਦਾ ਹੈ।

ਹੋਰ ਉਪਾਅ ਜੋ ਕਿ ਨੌਜਵਾਨ ਪੀੜਤਾਂ ਅਤੇ ਗਵਾਹਾਂ ਲਈ ਉਪਲਬਧ ਹਨ ਅਤੇ ਜੋ ਉਨ੍ਹਾਂ ਦੀ ਗਵਾਹੀ ਪ੍ਰਦਾਨ ਕਰਨਾ ਸੌਖਾ ਬਣਾਉਣ ਵਿੱਚ ਸਹਾਇਤਾ ਕਰ ਸਕਦੇ ਹਨ, ਵਿੱਚ ਸ਼ਾਮਲ ਹਨ:

- **ਜਨਤਾ** ਦੇ ਸਾਰੇ ਜਾਂ ਕੁਝ ਮੈਂਬਰਾਂ ਨੂੰ ਨੌਜਵਾਨ ਪੀੜਤਾਂ ਅਤੇ ਗਵਾਹਾਂ ਨੂੰ ਸ਼ਾਮਲ ਕਰਨ ਵਾਲੀਆਂ ਸਾਰੀਆਂ ਅਦਾਲਤੀ ਕਾਰਵਾਈਆਂ ਜਾਂ ਉਨ੍ਹਾਂ ਦੇ ਕੁਝ ਹਿੱਸੇ ਦੇ ਦੌਰਾਨ **ਕੋਰਟਰੂਮ ਵਿੱਚੋਂ ਬਾਹਰ ਜਾਣ ਦੀ ਲੋੜ ਹੋ ਸਕਦੀ** ਹੈ ਜਾਂ ਉਹ ਆਪਣੀ ਗਵਾਹੀ **ਇੱਕ ਸਕ੍ਰੀਨ ਜਾਂ ਕਿਸੇ ਹੋਰ ਉਪਕਰਣ ਦੇ ਪਿੱਛੋਂ ਦੇ ਸਕਦੇ ਹਨ ਜੋ ਗਵਾਹ ਨੂੰ ਜਨਤਾ ਦੁਆਰਾ ਦੇਖੇ ਜਾਣ ਨੂੰ ਰੋਕਦਾ ਹੈ।**
- ਨੌਜਵਾਨ ਪੀੜਤਾਂ ਅਤੇ ਗਵਾਹਾਂ ਦੇ ਸਬੂਤਾਂ ਨੂੰ ਮੁਕੱਦਮੇ ਤੋਂ ਪਹਿਲਾਂ **ਵੀਡੀਓਟੇਪ** ਕੀਤਾ ਜਾ ਸਕਦਾ ਹੈ ਅਤੇ ਮੁਕੱਦਮੇ ਦੌਰਾਨ ਉਨ੍ਹਾਂ ਨੂੰ ਉਨ੍ਹਾਂ ਦੀ ਸਾਰੀ ਗਵਾਹੀ ਦੁਹਰਾਉਣ ਤੋਂ ਬਚਾਉਣ ਲਈ **ਮੁਕੱਦਮੇ ਦੌਰਾਨ** ਇਸਤੇਮਾਲ ਕੀਤਾ ਜਾ ਸਕਦਾ ਹੈ; ਅਤੇ
- ਜਦੋਂ ਦੋਸ਼ੀ ਆਪਣੀ ਪ੍ਰਤੀਨਿਧਤਾ ਆਪ ਕਰਦਾ ਹੈ, ਤਾਂ ਨੌਜਵਾਨ ਗਵਾਹਾਂ ਦੀ ਜਿਰ੍ਹਾ (cross-examine) ਕਰਨ ਲਈ ਇੱਕ **ਵਕੀਲ ਨਿਯੁਕਤ ਕੀਤਾ ਜਾ ਸਕਦਾ ਹੈ।**

### ਪੀੜਤ ਦਾ ਹੱਕ!

*ਕਨੇਡੀਅਨ ਵਿਕਟਿਮਜ਼ ਬਿੱਲ ਆਫ ਰਾਈਟਸ* 23 ਜੁਲਾਈ 2015 ਨੂੰ ਲਾਗੂ ਹੋਇਆ ਸੀ। ਇਹ ਐਕਟ, ਨੌਜਵਾਨ ਪੀੜਤਾਂ ਸਮੇਤ, ਹਰ ਪੀੜਤ ਨੂੰ ਉਨ੍ਹਾਂ ਦੀ ਸੁਰੱਖਿਆ ਬਾਰੇ ਵਿਚਾਰ ਕੀਤੇ ਜਾਣ ਅਤੇ ਉਨ੍ਹਾਂ ਨੂੰ ਧਮਕਾਏ  ਜਾਣ ਅਤੇ ਬਦਲਾ ਲਏ ਜਾਣ ਤੋਂ ਬਚਾਉਣ ਦੇ ਉਚਿਤ ਅਤੇ ਲੋੜੀਂਦੇ ਉਪਾਵਾਂ ਦਾ ਅਧਿਕਾਰ ਦਿੰਦਾ ਹੈ। ਅਪਰਾਧ ਦੇ ਪੀੜਤਾਂ ਨੂੰ ਵੀ ਕ੍ਰਿਮੀਨਲ  ਅਦਾਲਤ ਵਿੱਚ ਗਵਾਹ ਵਜੋਂ ਗਵਾਹੀ ਦੇਣ ਵੇਲੇ ਗਵਾਹੀ ਸੰਬੰਧੀ ਸਹਾਇਤਾਵਾਂ ਲਈ ਬੇਨਤੀ ਕਰਨ ਦਾ ਅਧਿਕਾਰ  ਹੈ। ਇਹ ਅਧਿਕਾਰ ਪੀੜਤ ਦੀ ਸੁਰੱਖਿਆ ਦੇ ਅਧਿਕਾਰ ਦਾ ਹਿੱਸਾ ਹਨ।

ਜਾਣਕਾਰੀ ਦਾ ਅਧਿਕਾਰ | ਸੁਰੱਖਿਆ ਦਾ ਅਧਿਕਾਰ | ਭਾਗੀਦਾਰੀ ਦਾ ਅਧਿਕਾਰ | ਨੁਕਸਾਨ ਦੀ ਭਰਪਾਈ (restitution) ਦੀ ਮੰਗ ਕਰਨ ਦਾ ਅਧਿਕਾਰ | ਸ਼ਿਕਾਇਤ ਕਰਨ ਦਾ ਅਧਿਕਾਰ

Government of Canada   Gouvernement du Canada

Canada

## ਅਠਾਰਾਂ ਸਾਲ ਤੋਂ ਘੱਟ ਉਮਰ ਦੇ ਪੀੜਤ ਅਤੇ ਗਵਾਹ, ਗਵਾਹੀ ਸੰਬੰਧੀ ਸਹਾਇਤਾਵਾਂ ਕਿਵੇਂ ਪ੍ਰਾਪਤ ਕਰਦੇ ਹਨ?

ਨੌਜਵਾਨ ਪੀੜਤ ਜਾਂ ਗਵਾਹ ਸਰਕਾਰੀ ਵਕੀਲ ਤੋਂ ਗਵਾਹੀ ਸੰਬੰਧੀ ਸਹਾਇਤਾ ਮੰਗ ਸਕਦਾ ਹੈ। ਫਿਰ ਸਰਕਾਰੀ ਵਕੀਲ ਕਾਰਵਾਈ ਤੋਂ ਪਹਿਲਾਂ ਜਾਂ ਉਸ ਦੇ ਦੌਰਾਨ ਕਿਸੇ ਵੀ ਸਮੇਂ ਅਦਾਲਤ ਤੋਂ ਇਹਨਾਂ ਵਿਸ਼ੇਸ਼ ਸੁਰੱਖਿਆਵਾਂ ਲਈ ਮੰਗ ਕਰ ਸਕਦਾ ਹੈ। ਪੀੜਤ ਜਾਂ ਗਵਾਹ ਸਿੱਧਾ ਅਦਾਲਤ ਤੋਂ ਵੀ ਗਵਾਹੀ ਸੰਬੰਧੀ ਸਹਾਇਤਾਵਾਂ ਦੀ ਮੰਗ ਕਰ ਸਕਦਾ ਹੈ।

ਜੇ ਕਿਸੇ ਨੌਜਵਾਨ ਵਿਅਕਤੀ ਦੁਆਰਾ ਕਿਸੇ ਸਕ੍ਰੀਨ ਦੀ ਵਰਤੋਂ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ ਜੋ ਉਨ੍ਹਾਂ ਨੂੰ ਮੁਲਜ਼ਮਾਂ ਨੂੰ ਵੇਖਣ ਤੋਂ ਰੋਕੇਗੀ, ਕਲੋਜ਼ਡ-ਸਰਕਟ ਟੈਲੀਵਿਜ਼ਨ ਰਾਹੀਂ ਜਾਂ ਕਿਸੇ ਸਹਿਯੋਗੀ ਵਿਅਕਤੀ ਜਾਂ ਵੀਡੀਓ-ਟੇਪ ਕੀਤੇ ਸਬੂਤਾਂ ਨਾਲ ਗਵਾਹੀ ਦੇਣ ਲਈ ਬੇਨਤੀ ਕੀਤੀ ਜਾਂਦੀ ਹੈ, ਤਾਂ ਅਦਾਲਤ ਲਈ ਆਦੇਸ਼ ਮਨਜ਼ੂਰ ਕਰਨਾ ਲਾਜ਼ਮੀ ਹੈ ਜਦੋਂ ਤੱਕ ਉਸ ਨੂੰ ਵਿਸ਼ਵਾਸ ਹੈ ਕਿ ਉਹ ਨਿਆਂ ਦੇ ਸਹੀ ਪ੍ਰਬੰਧਨ ਵਿੱਚ ਦਖਲ ਦੇਵੇਗਾ, ਉਦਾਹਰਣ ਦੇ ਤੌਰ ਤੇ, ਦੋਸ਼ੀ ਵਿਅਕਤੀ ਦੇ ਨਿਰਪੱਖ ਮੁਕੱਦਮੇ ਦੇ ਅਧਿਕਾਰਾਂ ਨੂੰ ਪ੍ਰਭਾਵਤ ਕਰਕੇ। ਜੇ ਦੋਸ਼ੀ ਆਪਣੀ ਪ੍ਰਤੀਨਿਧਤਾ ਆਪ ਕਰ ਰਿਹਾ ਹੈ, ਤਾਂ ਅਦਾਲਤ ਲਈ ਕਿਸੇ ਵੀ ਜਿਰ੍ਹਾ ਲਈ ਵਕੀਲ ਨਿਯੁਕਤ ਕਰਨ ਦਾ ਆਦੇਸ਼ ਦੇਣਾ ਲਾਜ਼ਮੀ ਹੈ, ਜਦ ਤੱਕ ਕਿ ਅਦਾਲਤ ਨੂੰ ਵਿਸ਼ਵਾਸ ਨਾ ਹੋਵੇ ਕਿ ਨਿਆਂ ਦੇ ਸਹੀ ਪ੍ਰਬੰਧਨ ਲਈ ਦੋਸ਼ੀ ਦੁਆਰਾ ਗਵਾਹ ਦੀ ਜਿਰ੍ਹਾ ਕਰਨ ਦੀ ਲੋੜ ਹੈ।

ਜੇ ਜਨਤਾ ਦੇ ਕੁਝ ਜਾਂ ਸਾਰੇ ਮੈਂਬਰਾਂ ਨੂੰ ਬਾਹਰ ਰੱਖਣ ਜਾਂ ਨੌਜਵਾਨ ਗਵਾਹ ਨੂੰ ਸਕ੍ਰੀਨ ਦੇ ਪਿੱਛੇ ਗਵਾਹੀ ਦੇਣ, ਤਾਂ ਜੋ ਜਨਤਾ ਉਨ੍ਹਾਂ ਨੂੰ ਨਾ ਵੇਖ ਸਕੇ, ਦੀ ਇਜਾਜ਼ਤ ਦਿੱਤੇ ਜਾਣ ਲਈ ਬੇਨਤੀ ਕੀਤੀ ਜਾਂਦੀ ਹੈ, ਤਾਂ ਅਦਾਲਤ ਲਈ 18 ਸਾਲ ਤੋਂ ਘੱਟ ਉਮਰ ਦੇ ਗਵਾਹਾਂ ਦੇ ਹਿੱਤਾਂ ‘ਤੇ ਵਿਚਾਰ ਕਰਨਾ ਲਾਜ਼ਮੀ ਹੈ। ਅਦਾਲਤ ਅਪਰਾਧਾਂ ਦੀ ਰਿਪੋਰਟਿੰਗ ਨੂੰ ਉਤਸ਼ਾਹਤ ਕਰਨ, ਕੀ ਗਵਾਹ ਦੀ ਸੁਰੱਖਿਆ ਲਈ ਜਾਂ ਉਨ੍ਹਾਂ ਨੂੰ ਧਮਕਾਏ ਜਾਣ ਜਾਂ ਬਦਲਾ ਲਏ ਜਾਣ ਤੋਂ ਬਚਾਉਣ ਲਈ ਆਦੇਸ਼ ਦੀ ਲੋੜ ਹੈ, ਅਤੇ ਕੀ ਨੌਜਵਾਨ ਗਵਾਹ ਆਦੇਸ਼ ਦੇ ਬਿਨਾਂ ਗਵਾਹੀ ਦੇ ਸਕਣਗੇ ਵਰਗੇ ਕਾਰਕਾਂ ‘ਤੇ ਵੀ ਵਿਚਾਰ ਕਰੇਗੀ।

## ਕੀ ਦੋਸ਼ੀ ਵਿਅਕਤੀ ਇਹਨਾਂ ਵਿੱਚੋਂ ਕਿਸੇ ਵੀ ਉਪਾਅ ਦੀ ਵਰਤੋਂ ‘ਤੇ ਇਤਰਾਜ਼ ਕਰ ਸਕਦਾ ਹੈ?

*ਕ੍ਰਿਮੀਨਲ* ਕੋਡ ਪ੍ਰਬੰਧਾਂ ਦਾ ਉਦੇਸ਼ ਦੋਸ਼ੀ ਵਿਅਕਤੀਆਂ ਦੇ ਅਧਿਕਾਰਾਂ ਦਾ ਸਨਮਾਨ ਕਰਦੇ ਹੋਏ, ਨੌਜਵਾਨ ਪੀੜਤਾਂ ਅਤੇ ਗਵਾਹਾਂ ਦੀ ਸੁਰੱਖਿਆ ਕਰਨਾ ਅਤੇ ਉਨ੍ਹਾਂ ਲਈ ਗਵਾਹੀ ਦੇਣ ਨੂੰ ਸੌਖਾ ਬਣਾਉਣਾ ਹੈ। ਕੁਝ ਮਾਮਲਿਆਂ ਵਿੱਚ, ਅਦਾਲਤਾਂ, ਦੋਸ਼ੀ ਵਿਅਕਤੀ ਦੇ ਨਿਰਪੱਖ ਮੁਕੱਦਮੇ ਦੇ ਅਧਿਕਾਰਾਂ ਦੀ ਰੱਖਿਆ ਲਈ ਇਹਨਾਂ ਗਵਾਹੀ ਸੰਬੰਧੀ ਸਹਾਇਤਾਵਾਂ ਦੀ ਵਰਤੋਂ ਤੋਂ ਇਨਕਾਰ ਕਰ ਸਕਦੀਆਂ ਹਨ ਜਾਂ ਉਨ੍ਹਾਂ ਨੂੰ ਸੀਮਤ ਕਰ ਸਕਦੀਆਂ ਹਨ।

## ਹੋਰ ਜਾਣਕਾਰੀ ਕਿੱਥੇ ਉਪਲਬਧ ਹੈ?

ਜੇ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ, ਅਪਰਾਧ ਦਾ ਸ਼ਿਕਾਰ ਹੋਇਆ ਹੈ, ਤਾਂ ਮਦਦ ਉਪਲਬਧ ਹੈ। ਸਾਰੇ ਸੂਬੇ ਅਤੇ ਪ੍ਰਦੇਸ਼ ਅਪਰਾਧ ਦੇ ਪੀੜਤਾਂ ਲਈ ਸੇਵਾਵਾਂ ਪੇਸ਼ ਕਰਦੇ ਹਨ। ਜੇ ਤੁਹਾਨੂੰ ਜਾਣਕਾਰੀ ਜਾਂ ਹੋਰ ਸਹਾਇਤਾ ਦੀ ਲੋੜ ਹੋਵੇ ਤਾਂ ਉਹ ਤੁਹਾਡੀ ਮਦਦ ਕਰ ਸਕਦੇ ਹਨ। ਵਿਕਟਿਮ ਸਰਵਿਸਿਜ਼ ਡਾਇਰੈਕਟਰੀ ਤੁਹਾਡੇ ਨੇੜੇ ਪੀੜਤ ਸੇਵਾਵਾਂ ਨੂੰ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ:

**http://www.justice.gc.ca/eng/cj-jp/victims-victimes/vsd-rsv/index.html**

© ਕੈਨੇਡਾ ਦੇ ਅਧਿਕਾਰ ਵਿੱਚ ਮਹਾਰਾਣੀ, ਜਿਹਨਾਂ ਦੀ ਕੈਨੇਡਾ ਦੇ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਦੁਆਰਾ ਨੁਮਾਇੰਦਗੀ ਕੀਤੀ ਗਈ, 2015

ISBN 978-0-660-44802-2
Cat. No. J2-412/5-2023Pan-PDF